**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**

**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ**

**ਐਸ. ਸੀ. ਓ ਨੰ. 104 106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ (ਐ.ਸਿ)

2. ਮੰਡਲ ਸਿੱਖਿਆ ਅਫਸਰ, ਨਾਭਾ/ਜਲੰਧਰ / ਫਰੀਦਕੋਟ

3. ਡੀ.ਪੀ.ਆਈ. (ਸੈ. ਸਿ) ਅਤੇ (ਐ. ਸਿ)

ਮੀਮੋ ਨੰ ਕੋਆਰਡੀਨੇਸ਼ਨ/09/73041-43
ਮਿਤੀ ਚੰਡੀਗੜ੍ਹ 20 ਅਕਤੂਬਰ, 2009

ਵਿਸ਼ਾ:- ਸਕੂਲ ਮੁੱਖੀਆਂ ਦੀ ਛੁੱਟੀ ਮੰਨਜੂਰ ਕਰਨ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਪਿਛਲੇ ਦਿਨੀ ਵੱਖ-ਵੱਖ ਜ਼ਿਲ੍ਹਿਆਂ ਦੇ ਦੌਰਿਆਂ ਦੌਰਾਨ ਇਹ ਗੱਲ ਆਮ ਵੇਖਣ ਵਿੱਚ ਆਈ ਹੈ ਕਿ ਸਕੂਲਾਂ ਵਿੱਚ ਅਧਿਆਪਕ ਬਿਨਾਂ ਸਕੂਲ ਮੁੱਖੀ ਤੋਂ ਛੁੱਟੀ ਪ੍ਰਵਾਨ ਕਰਵਾਏ ਜਾਂ ਛੁੱਟੀ ਬਾਰੇ ਸੂਚਨਾ ਦਿੱਤੇ ਬਗੈਰ ਹੀ ਆਪਣੇ ਕਿਸੀ ਸਟਾਫ ਜਾਂ ਜੂਨੀਅਰ ਕਰਮਚਾਰੀ ਨੂੰ ਸੂਚਨਾ ਦੇਣ ਉਪਰੰਤ ਸਕੂਲ ਤੋਂ ਗੈਰ-ਹਾਜ਼ਰ ਹੋ ਜਾਂਦੇ ਹਨ । ਆਪ ਜੀ ਨੂੰ ਪਤਾ ਹੋਵੇਗਾ ਕਿ ਕਿਸੀ ਵੀ ਸਰਕਾਰੀ ਕਰਮਚਾਰੀ ਨੂੰ ਛੁੱਟੀ ਮਿਲਣਾ ਉਸ ਦਾ ਅਧਿਕਾਰ ਨਹੀਂ ਹੈ ਪਰੰਤੂ ਜੇਕਰ ਕਿਸੀ ਕਰਮਚਾਰੀ ਨੂੰ ਛੁੱਟੀ ਚਾਹੀਦੀ ਹੈ ਤਾਂ ਉਸ ਨੂੰ ਸਮਰੱਥ ਅਥਾਰਿਟੀ ਵੱਲੋਂ ਛੁੱਟੀ ਮੰਨਜ਼ੂਰ ਕਰਵਾਈ ਜਾ ਸਕਦੀ ਹੈ । ਜੇਕਰ ਕਿਸੀ ਕਰਮਚਾਰੀ ਨੂੰ ਅਚਨਚੇਤ ਕੰਮ ਕਰਕੇ ਛੁੱਟੀ ਕਰਨੀ ਪੈਂਦੀ ਹੈ ਤਾਂ ਉਸ ਦਾ ਫਰਜ਼ ਹੈ ਕਿ ਉਹ ਸਮਰੱਥ ਅਥਾਰਿਟੀ ਤੋਂ ਹੀ ਛੁੱਟੀ ਲਵੇ ਭਾਵੇਂ ਕਿ ਟੈਲੀਫੋਨ ਤੇ ਹੀ ਲਵੇ।

3.0 ਇਸ ਸਬੰਧ ਵਿੱਚ ਆਪ ਜੀ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਜਦੋਂ ਕਿਸੇ ਅਧਿਆਪਕ ਜਾਂ ਸਕੂਲ ਦੇ ਕਰਮਚਾਰੀ ਨੂੰ ਛੁੱਟੀ ਦੀ ਲੋੜ ਹੁੰਦੀ ਹੈ ਤਾਂ ਉਹ ਪਹਿਲਾਂ ਆਪਣੀ ਛੁੱਟੀ ਪ੍ਰਵਾਨ ਕਰਵਾ ਕੇ ਹੀ ਛੁੱਟੀ ਤੇ ਜਾਵੇ । ਜੇਕਰ ਕਿਸੀ ਵਜ੍ਹਾ ਕਰਕੇ ਅਚਨਚੇਤ ਛੁੱਟੀ ਦੀ ਲੋੜ ਪੈਂਦੀ ਹੈ ਤਾਂ ਸਕੂਲ ਮੁੱਖੀ ਤੋਂ ਹੀ ਛੁੱਟੀ ਲਈ ਜਾਵੇ । ਇਸ ਤੋਂ ਬਾਅਦ ਸਕੂਲ

ਮੁੱਖੀ ਨੂੰ ਚਾਹੀਦਾ ਹੈ ਕਿ ਉਹ ਇਹੋ ਜਿਹੇ ਕਰਮਚਾਰੀ ਦੀ ਛੁੱਟੀ ਹਾਜ਼ਰੀ ਦੇ ਰਜਿਸਟਰ ਵਿੱਚ ਅਤੇ ਸਬੰਧਤ ਕਰਮਚਾਰੀ ਦੇ ਛੁੱਟੀਆਂ ਦੇ ਖਾਤੇ ਵਿੱਚ ਇਸ ਨੂੰ ਦਰਜ਼ ਕਰੇ । ਇਸ ਦੇ ਨਾਲ ਹੀ ਸਕੂਲ ਮੁੱਖੀ ਇਸ ਸਬੰਧ ਵਿੱਚ ਪੂਰਾ ਵੇਰਵਾ ਆਰਡਰ ਬੁੱਕ ਵਿੱਚ ਵੀ ਸਾਫ ਸੁਥਰਾ ਦਰਜ਼ ਕਰੇ । ਇਹੋ ਜਿਹੀ ਸੂਰਤ ਵਿੱਚ ਜੇਕਰ ਕੋਈ ਅਧਿਆਪਕ ਸਕੂਲ ਤੋਂ ਬਿਨਾਂ ਸੂਚਨਾ ਗੈਰ ਹਾਜ਼ਰ ਪਾਇਆ ਜਾਂਦਾ ਹੈ ਤਾਂ ਸਬੰਧਤ ਅਧਿਆਪਕ ਦੇ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ । ਜੇਕਰ ਅਧਿਆਪਕ ਵੱਲੋਂ ਸਕੂਲ ਮੁੱਖੀ ਨੂੰ ਸੂਚਿਤ ਕਰਨ ਤੋਂ ਬਾਅਦ ਸਕੂਲ ਮੁੱਖੀ ਵੱਲੋਂ ਆਰਡਰ ਬੁੱਕ ਵਿੱਚ ਛੁੱਟੀ ਦਰਜ਼ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਹਾਜ਼ਰੀ ਰਜਿਸਟਰ ਵਿੱਚ ਦਰਜ਼ ਕੀਤੀ ਜਾਂਦੀ ਹੈ, ਤਾਂ ਇਸ ਬਾਰੇ ਸਕੂਲ ਮੁੱਖੀ ਜਿੰਮੇਵਾਰ ਹੋਵੇਗਾ ।

4.0 ਇਸ ਦੇ ਨਾਲ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਖੁਦ ਸਕੂਲ ਮੁੱਖੀ ਵੀ ਆਪਣੀ ਛੁੱਟੀ ਸਮਰੱਥ ਅਧਿਕਾਰੀ ਤੋਂ ਮੰਨਜ਼ੂਰ ਕਰਵਾਏ ਬਿਨਾਂ ਹੀ ਗੈਰ ਹਾਜ਼ਰ ਹੋ ਜਾਂਦੇ ਹਨ । ਇਨ੍ਹਾਂ ਹਾਲਤਾਂ ਨੂੰ ਮੁੱਖ ਰੱਖਦਿਆਂ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਿਸੀ ਸਕੂਲ ਮੁੱਖੀ ਨੂੰ ਛੁੱਟੀ ਚਾਹੀਦੀ ਹੈ ਤਾਂ ਉਹ ਆਪਣੇ ਇੰਚਾਰਜ ਤੋਂ ਛੁੱਟੀ ਮਨਜ਼ੂਰ ਕਰਵਾਏ ਅਤੇ ਸਕੂਲ ਇੰਚਾਰਜ ਦੀ ਇਹ ਡਿਊਟੀ ਹੋਵੇਗੀ ਕਿ ਉਹ ਅਗਲੇ ਇੰਚਾਰਜ ਨਾਲ ਰਾਬਤਾ ਰੱਖ ਕੇ ਆਰਡਰ ਬੁੱਕ ਅਤੇ ਹਾਜ਼ਰੀ ਰਜਿਸਟਰ ਵਿੱਚ ਇਸ ਦਾ ਪੂਰਾ ਵੇਰਵਾ ਦਰਜ਼ ਕਰਵਾਏ । ਜਦੋਂ ਕਿਸੀ ਕੰਪਲੈਕਸ ਇੰਚਾਰਜ ਨੂੰ ਛੁੱਟੀ ਦੀ ਲੋੜ ਹੋਵੇ ਤਾਂ ਉਹ ਵੀ ਆਪਣੀ ਛੁੱਟੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਪ੍ਰਵਾਨ ਕਰਵਾਏ ਅਤੇ ਉਹ ਇਸ ਬਾਰੇ ਸੂਚਨਾ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਦੇਣੀ ਯਕੀਨੀ ਬਣਾਏਗਾ ।

5.0 ਅਧਿਆਪਕ ਹਾਜਰੀ ਰਜਿਸਟਰ ਤੇ ਸਕੂਲ ਮੁੱਖੀ ਅਧਿਆਪਕ ਦੀ ਛੁੱਟੀ ਭਰਨ ਸਮੇਂ ਇੱਕ ਤਿਹਾਈ, ਅੱਧਾ ਦਿਨ ਜਾਂ ਪੂਰੀ ਇਤਫਾਕੀਆਂ ਛੁੱਟੀ ਸ਼ਬਦਾਂ ਵਿੱਚ ਜਰੂਰ ਲਿਖੇ ।

6.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ